*ਨਵੰਬਰ 2007*

**ਮੀਡੀਏਸ਼ਨ (ਵਿਚੋਲਗੀ)**
**ਵੈਨਕੂਵਰ ਰੌਬਸਨ ਸੁਕੇਅਰ ਸਮਾਲ ਕਲੇਮਜ਼ ਕੋਰਟ ਪਾਇਲਟ – ਰੂਲ 7.4**

ਇਹ ਤੱਥ ਸ਼ੀਟ ਮੀਡੀਏਸ਼ਨ (ਵਿਚੋਲਗੀ) ਬਾਰੇ ਅਤੇ ਆਪਣੇ ਮੀਡੀਏਸ਼ਨ ਦੇ ਸੈਸ਼ਨ ਲਈ ਤਿਆਰੀ ਕਰਨ ਬਾਰੇ ਜਾਣਕਾਰੀ ਦਿੰਦੀ ਹੈ। ਮੀਡੀਏਸ਼ਨ ਨੂੰ ਰੌਬਸਨ ਸੁਕੇਅਰ ਸਮਾਲ ਕਲੇਮਜ਼ ਕੋਰਟ ਵਿਚ ਚੱਲ ਰਹੇ ਇਕ ਸੂਬਾਈ ਸਮਾਲ ਕਲੇਮਜ਼ ਪਾਇਲਟ ਪ੍ਰੋਜੈਕਟ ਵਿਚ ਸ਼ਾਮਲ ਕੀਤਾ ਗਿਆ ਹੈ। ਇਹ ਪਾਇਲਟ ਪ੍ਰੋਜੈਕਟ ਅਦਾਲਤੀ ਸੁਧਾਰ ਕਰਨ ਲਈ ਸੂਬਾਈ ਅਦਾਲਤ ਅਤੇ ਸੂਬਾਈ ਸਰਕਾਰ ਦਾ ਇਕ ਸਾਂਝਾ ਉੱਦਮ ਹੈ।

### *ਮੀਡੀਏਸ਼ਨ ਕੀ ਹੈ?*

ਮੀਡੀਏਸ਼ਨ ਵਿਚ, ਸਾਰੀਆਂ ਧਿਰਾਂ ਇਕ ਗੈਰਰਸਮੀ ਤਰੀਕੇ ਨਾਲ ਅਤੇ ਗੁਪਤ ਰੂਪ ਵਿਚ ਰਲ ਕੇ ਬਹਿੰਦੀਆਂ ਹਨ ਅਤੇ ਇਕ ਮੀਡੀਏਟਰ (ਵਿਚੋਲੇ) ਦੀ ਮਦਦ ਨਾਲ ਆਪਣੀ ਸਮੱਸਿਆਵਾਂ ਦੇ ਹੱਲ ਲੱਭਦੀਆਂ ਹਨ। ਮੀਡੀਏਸ਼ਨ ਦੇ ਨਤੀਜੇ ਦਾ ਫੈਸਲਾ ਸੰਬੰਧਿਤ ਧਿਰਾਂ ਵਲੋਂ ਕੀਤਾ ਜਾਂਦਾ ਹੈ, ਜੱਜ ਜਾਂ ਮੀਡੀਏਟਰ ਵਲੋਂ ਨਹੀਂ।

ਨਵੰਬਰ 2007 ਤੋਂ, 5000 ਡਾਲਰ ਤੋਂ ਜ਼ਿਆਦਾ ਅਤੇ 25000 ਡਾਲਰ ਤੱਕ ਦੇ ਸਾਰੇ ਕਲੇਮ, (ਜਿਨ੍ਹਾਂ ਵਿਚ ਰੂਲ 9.2 ਅਧੀਨ ਮਾਇਕ ਦੇਣਦਾਰੀਆਂ ਦੇ ਕਲੇਮ) ਅਤੇ ਨਿੱਜੀ ਸੱਟਾਂ ਦੇ ਸਾਰੇ ਕੇਸ ਸ਼ਾਮਲ ਨਹੀਂ ਹਨ, ਮੀਡੀਏਸ਼ਨ ਲਈ ਭੇਜੇ ਜਾਣਗੇ। ਮੀਡੀਏਸ਼ਨਾਂ ਅਦਾਲਤਾਂ ਦੇ ਕਮਰਿਆਂ ਵਿਚ ਹੁੰਦੀਆਂ ਹਨ ਅਤੇ ਇਹ ਪ੍ਰਾਈਵੇਟ ਹੁੰਦੀਆਂ ਹਨ – ਮੁਕੱਦਮਿਆਂ ਵਾਂਗ ਨਹੀਂ, ਜਿਹੜੇ ਕਿ ਅਦਾਲਤਾਂ ਵਿਚ ਚੱਲਦੇ ਹਨ ਅਤੇ ਆਮ ਲੋਕਾਂ ਦੇ ਆਉਣ ਲਈ ਖੁੱਲ੍ਹੇ ਹੁੰਦੇ ਹਨ। ਮੀਡੀਏਸ਼ਨ ਦੀ ਬੈਠਕ ਆਮ ਤੌਰ ’ਤੇ ਤਕਰੀਬਨ ਦੋ ਘੰਟੇ ਦੀ ਹੁੰਦੀ ਹੈ। ਦੋਨਾਂ ਧਿਰਾਂ ਨੂੰ ਇਸ ਲਈ ਕੋਈ ਖਰਚਾ ਨਹੀਂ ਦੇਣਾ ਪੈਂਦਾ।

### *ਮੀਡੀਏਸ਼ਨ ਵਿਚ ਕੌਣ ਹਾਜ਼ਰ ਹੁੰਦਾ ਹੈ?*

ਕੇਸ ਨਾਲ ਸੰਬੰਧਿਤ ਧਿਰਾਂ ਲਈ ਮੀਡੀਏਸ਼ਨ ਵਿਚ ਹਾਜ਼ਰ ਹੋਣਾ ਜ਼ਰੂਰੀ ਹੈ। ਜਿਹੜੇ ਵਿਅਕਤੀ ਆਪ ਧਿਰ ਹਨ ਉਨ੍ਹਾਂ ਨੂੰ ਨਿੱਜੀ ਰੂਪ ਵਿਚ ਹਾਜ਼ਰ ਹੋਣਾ ਪਵੇਗਾ। ਜੇ ਧਿਰ ਕੋਈ ਕਾਰਪੋਰੇਸ਼ਨ, ਸੁਸਾਇਟੀ ਜਾਂ ਸਾਂਝੀਦਾਰੀ ਹੈ ਤਾਂ ਕੇਸ ਦੇ ਤੱਥਾਂ ਨੂੰ ਜਾਣਨ ਵਾਲੇ ਅਤੇ ਮਤਭੇਦ ਦਾ ਹੱਲ ਕਰਨ ਦਾ ਅਧਿਕਾਰ ਰੱਖਣ ਵਾਲੇ ਵਿਅਕਤੀ ਨੂੰ ਹਾਜ਼ਰ ਹੋਣਾ ਪਵੇਗਾ। ਆਮ ਤੌਰ ’ਤੇ ਇਸ ਵਿਚ ਗਵਾਹ ਹਾਜ਼ਰ ਨਹੀਂ ਹੁੰਦੇ।

ਜੇ ਤੁਹਾਡੇ ਕੋਲ ਵਕੀਲ ਹੈ ਤਾਂ ਤੁਹਾਡਾ ਵਕੀਲ ਤੁਹਾਡੇ ਨਾਲ ਮੀਡੀਏਸ਼ਨ ਵਿਚ ਜਾ ਸਕਦਾ ਹੈ। ਮੀਡੀਏਸ਼ਨ ਵਿਚ ਭਾਵੇਂ ਤੁਸੀਂ ਵਕੀਲ ਲਿਜਾਣ ਦੀ ਚੋਣ ਕਰਦੇ ਹੋ ਜਾਂ ਨਹੀਂ ਪਰ ਤੁਹਾਨੂੰ ਇਸ ਲਈ ਤਿਆਰੀ ਕਰਨ ਵੇਲੇ ਵਕੀਲ ਨਾਲ ਗੱਲ ਕਰਨੀ ਚਾਹੀਦੀ ਹੈ।

### *ਮੀਡੀਏਟਰ ਕੌਣ ਹੁੰਦਾ ਹੈ?*

ਮੀਡੀਏਟਰ ਨਿਰਪੱਖ ਵਿਅਕਤੀ ਹੁੰਦੇ ਹਨ – ਉਹ ਕਿਸੇ ਦਾ ਪੱਖ ਨਹੀਂ ਲੈਂਦੇ। ਮੀਡੀਏਟਰ, ਮਤਭੇਦ ਦਾ ਹੱਲ ਕਰਨ ਲਈ ਤੁਹਾਡੀ ਅਤੇ ਦੂਜੀ ਧਿਰ ਦੀ ਮਦਦ ਕਰਨ ਲਈ ਟਰੇਂਡ ਹੁੰਦੇ ਹਨ। ਉਹ ਬੀ ਸੀ ਡਿਸਪਿਊਟ ਰੈਜ਼ੋਲੂਸ਼ਨ ਪ੍ਰੈਕਟੀਕਮ ਸੁਸਾਇਟੀ ਵਲੋਂ ਮੁਕੱਰਰ ਕੀਤੇ ਜਾਂਦੇ ਹਨ ਜਿਹੜੀ ਕਿ ਕੋਰਟ ਦਾ ਮੀਡੀਏਸ਼ਨ ਪ੍ਰੋਗਰਾਮ ਚਲਾਉਂਦੀ ਹੈ; ਇਹ ਮੀਡੀਏਟਰ ਕਦੇ ਕਦੇ ਦੋ ਜਾਣਿਆਂ ਦੀ ਟੀਮ ਵਿਚ ਕੰਮ ਕਰਦੇ ਹਨ।

### *ਮੀਡੀਏਸ਼ਨ ਵਿਚ ਕੀ ਹੁੰਦਾ ਹੈ?*

ਮੀਡੀਏਸ਼ਨ ਵਿਚ, ਮੀਡੀਏਟਰ ਅਤੇ ਸਾਰੀਆਂ ਧਿਰਾਂ ਮੀਡੀਏਸ਼ਨ ਰੂਮ ਵਿਚ ਇਕ ਮੇਜ਼ ਦੁਆਲੇ ਬੈਠਦੀਆਂ ਹਨ। ਮੀਡੀਏਟਰ, ਮੀਡੀਏਸ਼ਨ ਦੀ ਕਾਰਵਾਈ ਬਾਰੇ ਦੱਸਦਾ ਹੈ ਅਤੇ ਤੁਹਾਡੀ ਵਿਚੋਲਗੀ ਕਰਨ ਦੇ ਐਗਰੀਮੈਂਟ ਬਾਰੇ ਵਿਚਾਰ ਕਰਦਾ ਹੈ। ਹਿੱਸਾ ਲੈਣ ਵਾਲੇ ਸਾਰੇ ਵਿਅਕਤੀਆਂ ਨੂੰ ਮੀਡੀਏਸ਼ਨ ਲਈ ਦਸਖਤ ਕਰਨੇ ਪੈਂਦੇ ਹਨ। ਇਸ ਕਾਰਵਾਈ ਬਾਰੇ ਜੇ ਤੁਹਾਡੇ ਮਨ ਵਿਚ ਕੋਈ ਸਵਾਲ ਹੋਵੇ ਤਾਂ ਮੀਡੀਏਟਰ ਇਨ੍ਹਾਂ ਦੇ ਜਵਾਬ ਦੇ ਸਕਦਾ ਹੈ।

ਰਲ ਕੇ ਤੁਸੀਂ ਇਹ ਫੈਸਲਾ ਕਰਦੇ ਹੋ ਕਿ ਕਿਹੜੇ ਮਸਲੇ ਹੱਲ ਕਰਨ ਦੀ ਲੋੜ ਹੈ। ਹਰ ਧਿਰ ਨੂੰ ਆਪਣਾ ਪੱਖ ਦੱਸਣ ਅਤੇ ਇਹ ਵਰਣਨ ਕਰਨ ਦਾ ਮੌਕਾ ਮਿਲਦਾ ਹੈ ਕਿ ਉਨ੍ਹਾਂ ਲਈ ਕਿਹੜੀ ਚੀਜ਼ ਮਹੱਤਵਪੂਰਨ ਹੈ। ਜੇ ਤੁਹਾਨੂੰ ਇਹ ਸਮਝ ਨਾ ਪਵੇ ਕਿ ਮੀਡੀਏਸ਼ਨ ਦੌਰਾਨ ਕੀ ਕਿਹਾ ਜਾ ਰਿਹਾ ਹੈ ਤਾਂ ਤੁਸੀਂ ਕਿਸੇ ਵੀ ਵੇਲੇ ਸਵਾਲ ਪੁੱਛ ਸਕਦੇ ਹੋ। ਮੀਡੀਏਟਰ ਵਿਚਾਰ-ਵਟਾਂਦਰੇ ਨੂੰ ਸੇਧ ਦੇਣ ਵਿਚ ਮਦਦ ਕਰਦਾ ਹੈ ਤਾਂ ਜੋ ਹਰ ਇਕ ਨੂੰ ਬੋਲਣ ਦਾ ਮੌਕਾ ਮਿਲੇ। ਸੰਭਵ ਹੱਲਾਂ ਬਾਰੇ ਵਿਚਾਰ ਕਰਨ ਲਈ ਅਕਸਰ ਮੀਡੀਏਟਰ ਸਾਰੀਆਂ ਧਿਰਾਂ ਨੂੰ ਇਕੱਲਿਆਂ ਵੀ ਮਿਲੇਗਾ।

ਮੀਡੀਏਸ਼ਨ ਵਿਚ ਤੁਹਾਡੇ ਤੋਂ ਅੰਤਿਮ ਸਮਝੌਤਾ ਕਰਨ ਦੀ ਮੰਗ ਨਹੀਂ ਕੀਤੀ ਜਾਂਦੀ। ਪਰ ਜੇ ਤੁਸੀਂ ਆਪਣਾ ਕੇਸ ਹੱਲ ਕਰ ਲੈਂਦੇ ਹੋ ਤਾਂ ਤੁਸੀਂ ਲਿਖਤੀ ਸਮਝੌਤਾ ਕਰ ਸਕਦੇ ਹੋ ਜੋ ਕਿ ਅਦਾਲਤ ਵਿਚ ਲਾਗੂ ਹੋਣ ਯੋਗ ਹੈ।

### *ਜੇ ਮੈਨੂੰ ਮੀਡੀਏਸ਼ਨ ਦੀ ਤਰੀਕ ਬਦਲਣ ਦੀ ਲੋੜ ਹੋਵੇ ਤਾਂ ਕੀ ਹੋਵੇਗਾ?*

ਜੇ ਤੁਸੀਂ ਮੀਡੀਏਸ਼ਨ ਲਈ ਮਿੱਥੀ ਗਈ ਤਰੀਕ 'ਤੇ ਨਾ ਆ ਸਕਦੇ ਹੋਵੋ ਤਾਂ ਤੁਸੀਂ ਤਰੀਕ ਬਦਲਣ ਲਈ ਬੇਨਤੀ ਕਰ ਸਕਦੇ ਹੋ। ਤੁਹਾਨੂੰ ਪਹਿਲਾਂ ਸਾਰੀਆਂ ਦੂਜੀਆਂ ਧਿਰਾਂ ਤੋਂ ਤਰੀਕ ਬਦਲੀ ਲਈ ਲਿਖਤੀ ਸਹਿਮਤੀ ਮੰਗਣੀ ਚਾਹੀਦੀ ਹੈ। ਜੇ ਉਹ ਸਹਿਮਤ ਹੋ ਜਾਣ ਤਾਂ ਤੁਸੀਂ ਫਿਰ ਉਨ੍ਹਾਂ ਦੀਆਂ ਲਿਖਤੀ ਸਹਿਮਤੀਆਂ ਨਾਲ ਸਹਿਮਤੀ ਆਰਡਰ ਲੈਣ ਲਈ ਰੌਬਸਨ ਸੁਕੇਅਰ ਕੋਰਟ ਰਜਿਸਟਰੀ ਕੋਲ ਜਾ ਸਕਦੇ ਹੋ।

ਜੇ ਤੁਹਾਡਾ ਸਾਰੀਆਂ ਧਿਰਾਂ ਨਾਲ ਸਮਝੌਤਾ ਨਾ ਹੋ ਸਕੇ ਤਾਂ ਤੁਸੀਂ ਰਜਿਸਟਰਾਰ ਕੋਲ ਅਰਜ਼ੀ (ਫਾਰਮ 16) ਦਰਜ ਕਰਵਾ ਸਕਦੇ ਹੋ। ਅਰਜ਼ੀ ਵਿਚ ਉਸ ਕਾਰਨ ਬਾਰੇ ਜ਼ਰੂਰ ਦੱਸਿਆ ਗਿਆ ਹੋਣਾ ਚਾਹੀਦਾ ਹੈ ਜਿਸ ਕਰਕੇ ਤੁਸੀਂ ਤਰੀਕ ਵਿਚ ਤਬਦੀਲੀ ਕਰਨਾ ਚਾਹੁੰਦੇ ਹੋ ਅਤੇ ਇਹ ਵੀ ਦੱਸਿਆ ਗਿਆ ਹੋਣਾ ਚਾਹੀਦਾ ਹੈ ਕਿ ਤੁਸੀਂ ਦੂਜੀਆਂ ਧਿਰਾਂ ਤੋਂ ਉਨ੍ਹਾਂ ਦੀ ਸਹਿਮਤੀ ਮੰਗੀ ਸੀ। ਅਰਜ਼ੀ ਟਰਾਇਲ ਦੀ ਤਰੀਕ ਤੋਂ **ਘੱਟੋ ਘੱਟ ਸੱਤ (7) ਦਿਨ ਪਹਿਲਾਂ** ਕੋਰਟ ਰਜਿਸਟਰੀ ਕੋਲ ਦਰਜ ਕਰਵਾਈ ਜਾਣੀ ਜ਼ਰੂਰੀ ਹੈ। ਜੇ ਰਜਿਸਟਰਾਰ ਨੇ ਅਰਜ਼ੀ ਮਨਜ਼ੂਰ ਕਰ ਲਈ ਤਾਂ ਤੁਹਾਡੀ ਮੀਡੀਏਸ਼ਨ ਲਈ ਇਕ ਨਵੀਂ ਤਰੀਕ ਮਿੱਥੀ ਜਾਵੇਗੀ।

ਕੁਝ ਖਾਸ ਹਾਲਤਾਂ ਵਿਚ ਕੋਈ ਵੀ ਧਿਰ ਟੈਲੀਫੋਨ ਕਾਨਫਰੰਸ ਕਾਲ ਰਾਹੀਂ ਮੀਡੀਏਸ਼ਨ ਵਿਚ ਹਿੱਸਾ ਲੈਣ ਲਈ ਰਜਿਸਟਰਾਰ ਕੋਲ ਅਪਲਾਈ ਕਰ ਸਕਦੀ ਹੈ।

### *ਜੇ ਕੋਈ ਧਿਰ ਮੀਡੀਏਸ਼ਨ ਵਿਚ ਹਾਜ਼ਰ ਨਾ ਹੋਵੇ ਤਾਂ ਕੀ ਹੋਵੇਗਾ?*

ਜੇ ਦਾਅਵੇਦਾਰ ਮੀਡੀਏਸ਼ਨ ਵਿਚ ਹਾਜ਼ਰ ਨਹੀਂ ਹੁੰਦਾ ਤਾਂ ਕੇਸ ਰੱਦ ਕੀਤਾ ਜਾ ਸਕਦਾ ਹੈ। ਜੇ ਸਫਾਈ ਦੇਣ ਵਾਲਾ (ਮੁਦਾਲਾ) ਮੀਡੀਏਸ਼ਨ ਵਿਚ ਹਾਜ਼ਰ ਨਹੀਂ ਹੁੰਦਾ ਤਾਂ ਦਾਅਵੇਦਾਰ ਉਸ ਮੁਦਾਲੇ ਖਿਲਾਫ ਫੌਰੀ ਅਦਾਲਤੀ ਫੈਸਲੇ ਲਈ ਬੇਨਤੀ ਕਰ ਸਕਦਾ ਹੈ।

### *ਮੈਨੂੰ ਮੀਡੀਏਸ਼ਨ ਵਿਚ ਕੀ ਲੈ ਕੇ ਆਉਣਾ ਚਾਹੀਦਾ ਹੈ?*

ਤੁਹਾਨੂੰ ਆਪਣੇ ਮਤਭੇਦ ਨਾਲ ਸੰਬੰਧਿਤ ਕੋਈ ਵੀ ਦਸਤਾਵੇਜ਼ ਲਿਆਉਣੇ ਚਾਹੀਦੇ ਹਨ ਜਿਸ ਵਿਚ ਸਟੇਟਮੈਂਟਾਂ, ਇਨਵੋਆਇਸਾਂ, ਜਾਂ ਫੋਟੋਆਂ ਸ਼ਾਮਲ ਹਨ।

### *ਮੈਂ ਮੀਡੀਏਸ਼ਨ ਲਈ ਤਿਆਰੀ ਕਿਵੇਂ ਕਰਾਂ?*

ਮੀਡੀਏਸ਼ਨ ਲਈ ਤਿਆਰੀ ਕਰਨ ਦੌਰਾਨ ਤੁਸੀਂ ਅੱਗੇ ਲਿਖੇ ਸਵਾਲਾਂ ਦੇ ਜਵਾਬ ਲਿਖਣਾ ਚਾਹੁੰਦੇ ਹੋ ਸਕਦੇ ਹੋ:

- ਮੈਂ ਕਿਹੜੇ ਬਿਹਤਰ ਨਤੀਜੇ ਦੀ ਆਸ ਰੱਖ ਸਕਦਾ/ਸਕਦੀ ਹਾਂ?
- ਕਿਹੜਾ ਸਭ ਤੋਂ ਮਾੜਾ ਨਤੀਜਾ ਨਿਕਲ ਸਕਦਾ ਹੈ?
- ਇਸ ਮਤਭੇਦ ਵਿਚ ਕਿਹੜੀ ਚੀਜ਼ ਮੇਰੇ ਲਈ ਜ਼ਿਆਦਾ ਮਹੱਤਵਪੂਰਨ ਹੈ?
- ਦੂਜੇ ਵਿਅਕਤੀ ਦੇ ਮੁੱਖ ਮੁੱਦੇ ਕੀ ਹਨ?
- ਉਨ੍ਹਾਂ ਮੁੱਦਿਆਂ ਦਾ ਮੈਂ ਕਿਵੇਂ ਜਵਾਬ ਦੇ ਸਕਦਾ/ਸਕਦੀ ਹਾਂ?

*ਨਵੰਬਰ 2007*

### *ਜੇ ਅਸੀਂ ਮੀਡੀਏਸ਼ਨ ਰਾਹੀਂ ਕਿਸੇ ਸਮਝੌਤੇ 'ਤੇ ਪਹੁੰਚ ਜਾਈਏ ਤਾਂ ਕੀ ਹੁੰਦਾ ਹੈ?*

ਜੇ ਤੁਸੀਂ ਅਤੇ ਦੂਜੀ ਧਿਰ ਆਪਣੇ ਮਤਭੇਦ ਹੱਲ ਕਰ ਲੈਂਦੇ ਹੋ ਤਾਂ ਮੀਡੀਏਟਰ ਇਸ ਸਮਝੌਤੇ ਨੂੰ ਲਿਖਤੀ ਰੂਪ ਦੇਣ ਵਿਚ ਤੁਹਾਡੀ ਮਦਦ ਕਰੇਗਾ। ਐਗਰੀਮੈਂਟ ਇਹ ਤਹਿ ਕਰਦਾ ਹੈ ਕਿ ਜੇ ਇਕ ਧਿਰ ਐਗਰੀਮੈਂਟ ਦੀਆਂ ਸ਼ਰਤਾਂ 'ਤੇ ਕਾਇਮ ਨਾ ਰਹੇ ਤਾਂ ਕੀ ਹੁੰਦਾ ਹੈ। ਐਗਰੀਮੈਂਟ ਅਦਾਲਤ ਵਿਚ ਲਾਗੂ ਕਰਵਾਇਆ ਜਾ ਸਕਦਾ ਹੈ।

### *ਜੇ ਮੀਡੀਏਸ਼ਨ ਸਮੱਸਿਆ ਦਾ ਹੱਲ ਨਾ ਕਰੇ ਤਾਂ ਕੀ ਹੁੰਦਾ ਹੈ?*

ਜੇ ਮੀਡੀਏਸ਼ਨ ਨਾਲ ਕੋਈ ਸਮਝੌਤਾ ਨਾ ਹੋਵੇ ਤਾਂ ਅਗਲਾ ਕਦਮ ਜੱਜ ਦੇ ਨਾਲ ਟਰਾਇਲ ਕਾਨਫਰੰਸ ਦਾ ਹੈ। ਟਰਾਇਲ ਕਾਨਫਰੰਸ, ਆਪਣੇ ਕੇਸ ਨੂੰ ਮੁਕੱਦਮੇ ਲਈ ਤਿਆਰ ਕਰਨ ਵਿਚ ਤੁਹਾਡੀ ਮਦਦ ਕਰੇਗੀ।

ਕਦੇ ਕਦੇ, ਮੀਡੀਏਸ਼ਨ ਵਿਚ ਕੁਝ ਮਸਲੇ ਹੀ ਹੱਲ ਹੁੰਦੇ ਹਨ। ਜਦੋਂ ਅਜਿਹਾ ਹੁੰਦਾ ਹੈ ਤਾਂ ਹੱਲ ਹੋਏ ਮਸਲਿਆਂ ਨੂੰ ਐਗਰੀਮੈਂਟ ਵਿਚ ਲਿਖਿਆ ਜਾਂਦਾ ਹੈ ਅਤੇ ਕੇਸ ਦਾ ਬਾਕੀ ਹਿੱਸਾ ਟਰਾਇਲ ਕਾਨਫਰੰਸ ਲਈ ਜਾਂਦਾ ਹੈ।

### *ਕੀ ਟਰਾਇਲ ਜੱਜ ਨੂੰ ਇਹ ਦੱਸਿਆ ਜਾਂਦਾ ਹੈ ਕਿ ਮੀਡੀਏਸ਼ਨ ਵਿਚ ਕੀ ਹੋਇਆ ਸੀ?*

ਟਰਾਇਲ ਜੱਜ ਨੂੰ ਸਿਰਫ ਇਹ ਹੀ ਦੱਸਿਆ ਜਾਂਦਾ ਹੈ ਕਿ ਕਿਹੜੇ ਮਸਲਿਆਂ ਦਾ ਹੱਲ ਕਰਨ ਦੀ ਲੋੜ ਹੈ, ਪਰ ਇਹ ਨਹੀਂ ਦੱਸਿਆ ਜਾਂਦਾ ਕਿ ਮੀਡੀਏਸ਼ਨ ਵਿਚ ਕੀ ਵਾਪਰਿਆ ਜਾਂ ਕੀ ਕਿਹਾ ਗਿਆ ਸੀ।

### *ਜੇ ਮੈਂ ਰਾਜ਼ੀਨਾਮਾ ਨਾ ਕਰਾਂ ਤਾਂ ਕੀ ਮੀਡੀਏਸ਼ਨ ਮੇਰੇ ਅਦਾਲਤ ਦੇ ਕੇਸ ਨੂੰ ਲੰਮਾ ਨਹੀਂ ਕਰਦੀ?*

ਭਾਵੇਂ ਮੀਡੀਏਸ਼ਨ ਤੁਹਾਡੇ ਕੇਸ ਨੂੰ ਪੂਰੀ ਤਰ੍ਹਾਂ ਹੱਲ ਨਾ ਵੀ ਕਰੇ, ਫਿਰ ਵੀ ਇਸ ਦੇ ਇਕ ਫਜ਼ੂਲ ਕੋਸ਼ਿਸ਼ ਬਣਨ ਦੀ ਘੱਟ ਸੰਭਾਵਨਾ ਹੈ। ਜੇ ਤੁਹਾਡਾ ਮੁਕੱਦਮਾ ਚੱਲੇ ਤਾਂ ਇਹ ਪਹਿਲਾਂ ਮੀਡੀਏਸ਼ਨ ਵਿਚ ਹਿੱਸਾ ਨਾ ਲੈਣ ਨਾਲੋਂ ਛੋਟਾ ਜਾਂ ਸੌਖਾ ਹੋ ਸਕਦਾ ਹੈ।

### *ਕੀ ਮੈਂ ਟਰਾਇਲ ਕਾਨਫਰੰਸ ਤੋਂ ਬਾਅਦ ਵੀ ਮੀਡੀਏਸ਼ਨ ਕਰਵਾ ਸਕਦਾ/ਸਕਦੀ ਹਾਂ?*

ਜੇ ਤੁਹਾਡੇ ਮਤਭੇਦ ਬਾਰੇ ਟਰਾਇਲ ਕਾਨਫਰੰਸ ਤੋਂ ਪਹਿਲਾਂ ਮੀਡੀਏਸ਼ਨ ਨਹੀਂ ਹੋਈ ਸੀ ਤਾਂ ਤੁਸੀਂ ਟਰਾਇਲ ਕਾਨਫਰੰਸ ਵਿਚ ਜੱਜ ਨੂੰ ਇਹ ਕਹਿ ਸਕਦੇ ਹੋ ਕਿ ਤੁਹਾਡਾ ਕੇਸ ਮੀਡੀਏਸ਼ਨ ਲਈ ਭੇਜਿਆ ਜਾਵੇ।

### *ਜੇ ਮੇਰੇ ਮਨ ਵਿਚ ਮੀਡੀਏਸ਼ਨ ਬਾਰੇ ਸਵਾਲ ਹੋਣ ਤਾਂ ਮੈਂ ਕਿਸ ਨਾਲ ਗੱਲ ਕਰ ਸਕਦਾ/ਸਕਦੀ ਹਾਂ?*

ਕੋਰਟ ਮੀਡੀਏਸ਼ਨ ਪ੍ਰੋਗਰਾਮ ਦਾ ਸਟਾਫ ਉਨ੍ਹਾਂ ਖਾਸ ਸਵਾਲਾਂ ਦੇ ਜਵਾਬ ਦੇ ਸਕਦਾ ਹੈ ਜਿਹੜੇ ਮੀਡੀਏਸ਼ਨ ਦੇ ਕਾਰਜ ਬਾਰੇ ਤੁਹਾਡੇ ਮਨ ਵਿਚ ਹੋ ਸਕਦੇ ਹਨ। ਰੌਬਸਨ ਸੁਕੇਅਰ ਕੋਰਟ ਰਜਿਸਟਰੀ ਕਿਸੇ ਵੀ ਉਸ ਸਵਾਲ ਦਾ ਜਵਾਬ ਦੇ ਸਕਦੀ ਹੈ ਜਿਹੜਾ ਤੁਹਾਡੇ ਮਨ ਵਿਚ ਆਪਣੀ ਮੀਡੀਏਸ਼ਨ ਦੀ ਤਰੀਕ ਜਾਂ ਸਮਾਲ ਕਲੇਮਜ਼ ਕੋਰਟ ਕਾਰਵਾਈਆਂ ਬਾਰੇ ਹੋ ਸਕਦਾ ਹੈ।

**ਜ਼ਿਆਦਾ ਜਾਣਕਾਰੀ ਲਈ, ਸਮਾਲ ਕਲੇਮਜ਼ ਰੂਲ 7.4 ਦੇਖੋ**
ਜੋ ਕਿ ਕੋਰਟ ਸਰਵਿਸਿਜ਼ ਬਰਾਂਚ ਦੇ ਵੈੱਬਸਾਈਟ 'ਤੇ ਮੌਜੂਦ ਹੈ: www.gov.bc.ca/ag
ਸਰਚ ਬਾਰ ਵਿਚ "ਕੋਰਟ ਸਰਵਿਸਿਜ਼" ਟਾਇਪ ਕਰੋ ਜਾਂ ਸੰਪਰਕ ਕਰੋ:

ਕੋਰਟ ਮੀਡੀਏਸ਼ਨ ਪ੍ਰੋਗਰਾਮ
ਟੈਲੀਫੋਨ: 604 684-1300  ਫੈਕਸ: 604 684-1306
ਵੈੱਬਸਾਈਟ: www.courtmediationprogram.com

ਰੌਬਸਨ ਸੁਕੇਅਰ ਸਮਾਲ ਕਲੇਮਜ਼ ਕੋਰਟ ਰਜਿਸਟਰੀ
ਟੈਲੀਫੋਨ: 604 660-8989  ਫੈਕਸ: 604 660-7095

BRITISH COLUMBIA
Ministry of Attorney General